Part - A

ਨੋਟ : ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ, ਉਹਨਾਂ ਦੇ ਹੇਠਾਂ ਦਿੱਤੇ ਵਿਕਲਪਾਂ ਵਿੱਚੋਂ ਚੁਣ ਕੇ OMR ਉੱਤਰ ਸ਼ੀਟ 'ਤੇ ਦਰਜ ਕਰੋ :

1. 'ਨਾ' ਅਗੇਤਰ ਲੱਗ ਕੇ ਬਣਨ ਵਾਲ਼ਾ ਸਹੀ ਸ਼ਬਦ ਚੁਣੋ :
   (a) ਨਾਂਵ (b) ਨਾਫ਼ (c) ਨਾਲਾਇਕ (d) ਨਾਵਲ

2. ਹੇਠ ਲਿਖਿਆਂ ਵਿੱਚੋਂ ਕਿਹੜਾ ਅਗੇਤਰ ਲੱਗਣ ਨਾਲ਼ 'ਵਰਦੀ' ਸ਼ਬਦ ਨਾਂਵ ਤੋਂ ਵਿਸ਼ੇਸ਼ਣ ਬਣ ਜਾਵੇਗਾ :
   (a) ਬੇ (b) ਬਾ (c) ਸਮ (d) ਖ਼ਾਕੀ

3. ਪੰਜਾਬੀ ਭਾਸ਼ਾ ਵਿੱਚ ਕੁਝ ਸ਼ਬਦਾਂ ਨੂੰ ਸੰਖੇਪ ਵਿੱਚ ਲਿਖਦੇ ਸਮੇਂ 'ਛੁੱਟ ਮਰੋੜੀ' ਵਿਸਰਾਮ ਚਿੰਨ੍ਹ ਦੀ ਵਰਤੋਂ ਕਿਹੜੇ ਅੱਖਰ/ਅੱਖਰਾਂ ਤੋਂ ਪਹਿਲਾਂ ਕੀਤੀ ਜਾਂਦੀ ਹੈ ?
   (a) ਓ, ਅ (b) ੳ (c) ਅ (d) ਚ, ਤ

4. 'ਪੂਰਬੀ ਪੰਜਾਬੀ' ਵਿੱਚ ਸਭ ਤੋਂ ਪੁਰਾਣੀ ਰਚਨਾ ਕਿਸ ਗੁਰੂ ਸਾਹਿਬਾਨ ਦੀ ਬਾਣੀ ਹੈ ?
   (a) ਸ੍ਰੀ ਗੁਰੂ ਨਾਨਕ ਦੇਵ ਜੀ (b) ਸ੍ਰੀ ਗੁਰੂ ਅੰਗਦ ਦੇਵ ਜੀ
   (c) ਸ੍ਰੀ ਗੁਰੂ ਅਮਰਦਾਸ ਜੀ (d) ਸ੍ਰੀ ਗੁਰੂ ਰਾਮਦਾਸ ਜੀ

5. 'ਜਾਪੁ ਸਾਹਿਬ, ਸਵੱਈਏ, ਅਕਾਲ ਉਸਤਤਿ' ਬਾਣੀਆਂ ਦੇ ਰਚਾਇਤਾ ਕਿਹੜੇ ਗੁਰੂ ਸਾਹਿਬਾਨ ਹਨ ?
   (a) ਸ੍ਰੀ ਗੁਰੂ ਗੋਬਿੰਦ ਸਿੰਘ ਜੀ (b) ਸ੍ਰੀ ਗੁਰੂ ਨਾਨਕ ਦੇਵ ਜੀ
   (c) ਗੁਰੂ ਅਰਜਨ ਦੇਵ ਜੀ (d) ਸ੍ਰੀ ਗੁਰੂ ਤੇਗ਼ ਬਹਾਦਰ ਜੀ

6. ਗੁਰਮੁਖੀ ਗਿਣਤੀ ਵਿੱਚ ਲਿਖੇ 'ਪੌਣੇ' ਸ਼ਬਦ ਦੇ ਅੰਗਰੇਜ਼ੀ ਰੂਪ ਲਈ ਸਹੀ ਵਿਕਲਪ ਚੁਣੋ :
   (a) Three quarters (b) One quarter More
   (c) One quarter Less (d) (a) ਅਤੇ (c)

7. 'ਹੌਸਲਾ ਦੇਣਾ' ਅਰਥਾਂ ਨੂੰ ਸਪਸ਼ਟ ਕਰਨ ਲਈ ਹੇਠ ਦਿੱਤਿਆਂ ਵਿੱਚੋਂ ਕਿਹੜਾ ਮੁਹਾਵਰਾ ਵਰਤਿਆ ਜਾਵੇਗਾ ?
   (a) ਦਮ ਨਾ ਖਾਣਾ (b) ਦਮ ਵੱਧਣਾ (c) ਦਮ ਵਿੱਚ ਆਉਣਾ (d) ਦਮ ਦਿਲਾਸਾ ਦੇਣਾ

8. ਸਹੀ ਸ਼ਬਦ-ਜੋੜ ਚੁਣੋ :
   (a) ਸ਼ੁੱਭਚਿੰਤਕ (b) ਸ਼ੁਭ-ਚਿੰਤਕ (c) ਸ਼ੁੱਬਚਿੰਤਕ (d) ਸੁੱਭਚਿੰਤਕ

9. 'ਉਣਾਨਵੇਂ' ਨੂੰ ਅੰਕਾਂ ਵਿੱਚ ਕਿਵੇਂ ਲਿਖਿਆ ਜਾਵੇਗਾ ?
   (a) 99 (b) 69 (c) 79 (d) 89

10. 'ਖੁਸ਼ ਰਹੋ ! ਤੁਸੀਂ ਤਾਂ ਮੇਰਾ ਸਾਰਾ ਕੰਮ ਨਿਬੇੜ ਦਿੱਤਾ ' ਵਾਕ ਵਿੱਚ 'ਖੁਸ਼ ਰਹੋ' ਸ਼ਬਦ ਵਿਸਮਿਕ ਦੀ ਕਿਹੜੀ ਕਿਸਮ ਦਾ ਸ਼ਬਦ ਹੈ ?
    (a) ਅਸੀਸ-ਵਾਚਕ ਵਿਸਮਿਕ (b) ਸੰਬੋਧਨੀ ਵਿਸਮਿਕ
    (c) ਇੱਛਾ-ਵਾਚਕ ਵਿਸਮਿਕ (d) ਹੈਰਾਨੀ ਵਾਚਕ-ਵਿਸਮਿਕ

Join Telegram - House of Aspirants | houseofaspirants.in

11. ਹੇਠ ਲਿਖੀਆਂ ਖੇਡਾਂ ਵਿੱਚੋਂ ਕਿਹੜੀ ਪੰਜਾਬ ਦੀ ਪੁਰਾਤਨ ਲੋਕ-ਖੇਡ ਹੈ ?
(a) ਬਾਰਾਂ ਟਾਹਣੀ (b) ਤੇਰਾਂ ਤਣੇ (c) ਚੌਦਾਂ ਪੱਤੀਆਂ (d) ਪੰਦਰਾਂ ਜੜ੍ਹਾਂ

12. ਅਖਾਣ: 'ਇੱਕ ਢੁਕਦੀ ਨਹੀਂ, ਮੈਂ ਦੋ ਪਰਨੇਸਾਂ' ਕਿਹੜੇ ਮੌਕੇ ਵਰਤਿਆ ਜਾਂਦਾ ਹੈ ?
(a) ਉਦੋਂ ਜਦੋਂ ਕਿਸੇ ਵਿੱਚ ਦੋ ਔਗੁਣ ਇੱਕ ਤੋਂ ਇੱਕ ਚੜ੍ਹਦੇ ਹੋਣ
(b) ਉਦੋਂ ਜਦੋਂ ਚੀਜ਼ ਥੋੜ੍ਹੀ ਹੋਵੇ ਤੇ ਉਸ ਦੇ ਲੋੜਵੰਦ ਜਾਂ ਮੰਗਣ ਵਾਲ਼ੇ ਵਧੇਰੇ ਹੋਣ
(c) ਇੱਕ ਨਾਂਹ ਕਰੇ, ਸੱਤਰ ਬਲਾ ਟਲੇ
(d) ਉਦੋਂ ਜਦੋਂ ਕਿਸੇ ਵਿੱਚ ਥੋੜ੍ਹਾ ਕੁਝ ਕਰਨ ਦੀ ਸ਼ਕਤੀ ਜਾਂ ਸਮਰੱਥਾ ਵੀ ਨਾ ਹੋਵੇ ਪਰ ਫੜ੍ਹਾਂ ਬਹੁਤੀਆਂ ਮਾਰੇ

13. ਜਿਹੜੇ 'ਭਾਵਾਂਸ਼' ਇਕੱਲੇ ਵੀ ਵਰਤੇ ਜਾ ਸਕਣ, ਉਹਨਾਂ ਨੂੰ _____ ਕਿਹਾ ਜਾਂਦਾ ਹੈ । ਢੁਕਵਾਂ ਵਿਕਲਪ ਚੁਣ ਕੇ ਖਾਲੀ ਸਥਾਨ ਭਰੋ ।
(a) ਜੁੜਵੇਂ ਭਾਵਾਂਸ਼ (b) ਬੰਧੇਜੀ ਭਾਵਾਂਸ਼ (c) ਸੁਤੰਤਰ ਭਾਵਾਂਸ਼ (d) ਇਹਨਾਂ ਵਿੱਚੋਂ ਕੋਈ ਵੀ ਨਹੀਂ

14. ਹਫ਼ਤੇ ਦੇ ਦਿਨ ਦੇ ਨਾਂ ਲਈ ਸ਼ੁੱਧ ਪੰਜਾਬੀ ਰੂਪ ਚੁਣੋ :
(a) ਵੀਰਬਾਰ (b) ਬੀਰਵਾਰ (c) ਵੀਰਵਾਰ (d) ਬੀਰਬਾਰ

15. 'ਮਿਸਲ' ਸ਼ਬਦ ਮੂਲ ਰੂਪ ਵਿੱਚ ਕਿਹੜੀ ਭਾਸ਼ਾ ਦਾ ਸ਼ਬਦ ਹੈ ?
(a) ਹਿੰਦੀ (b) ਸੰਸਕ੍ਰਿਤ (c) ਫ਼ਾਰਸੀ (d) ਅੰਗਰੇਜ਼ੀ

16. ਸ਼ੁੱਧ ਵਾਕ ਚੁਣੋ :
(a) ਵਿਆਹ ਵੇਲੇ ਜੋੜੇ ਨੇ ਲਾਂਵਾਂ ਭਰੀਆਂ (b) ਵਿਆਹ ਵੇਲੇ ਜੋੜੇ ਨੇ ਲਾਂਵਾਂ ਕੀਤੇ
(c) ਵਿਆਹ ਵੇਲੇ ਜੋੜੇ ਨੇ ਲਾਂਵਾਂ ਚੁੱਕੀਆਂ (d) ਵਿਆਹ ਵੇਲੇ ਜੋੜੇ ਨੇ ਲਾਂਵਾਂ ਲਈਆਂ

17. ਹੇਠ ਲਿਖਿਆਂ ਵਿੱਚੋਂ ਕਿਹੜਾ ਲੋਕ-ਗੀਤ ਦਾ ਇੱਕ ਰੂਪ ਹੈ ?
(a) ਗਿੱਧਾ (b) ਕਿੱਕਲੀ (c) ਮਾਹੀਆ (d) ਪੀਲ-ਪਲਾਂਘੜਾ

18. ਗੁਰਮੁਖੀ ਵਰਨਮਾਲਾ ਦੀ 'ਨਵੀਨ ਟੋਲੀ/ਵਰਗ' ਦੇ ਕਿਹੜੇ ਅੱਖਰ/ਅੱਖਰਾਂ ਦੀ ਵਰਤੋਂ ਸ਼ਬਦ ਦੇ ਅਰੰਭ ਵਿੱਚ ਕਦੇ ਨਹੀਂ ਹੁੰਦੀ ?
(a) ਸ਼ ਤੇ ਗ਼ (b) ਖ਼ ਤੇ ਫ਼ (c) ਜ਼ (d) ਲ਼

19. ਸ਼ੁੱਧ ਸ਼ਬਦ-ਜੋੜ ਦਾ ਸਹੀ ਵਿਕਲਪ ਚੁਣੋ :
(a) ਲਿਫਾਫਾ (b) ਲਿਫਾਫ਼ਾ (c) ਲਿਫ਼ਾਫ਼ਾ (d) ਲਿਫ਼ਾਫਾ

20. 'ਜੰਗਲ਼ ਉੱਪਰੋਂ ਉੱਡਦੇ ਸਮੇਂ ਕਾਂ ਨੇ ਹੇਠਾਂ ਮਗਰਮੱਛ, ਹਿਰਨ, ਬਘਿਆੜੀ, ਸ਼ੇਰਨੀ ਤੇ ਲੂੰਬੜੀ ਵੇਖੇ' ਵਾਕ ਦਾ ਲਿੰਗ ਬਦਲ ਕੇ ਬਣਨ ਵਾਲ਼ਾ ਸਹੀ ਵਾਕ ਚੁਣੋ ?
(a) ਜੰਗਲ਼ ਉੱਪਰੋਂ ਉੱਡਦੇ ਸਮੇਂ ਕਾਂ ਨੇ ਹੇਠਾਂ ਮਗਰਮੱਛਣੀ, ਹਿਰਨੀ, ਬਘਿਆੜੀ, ਸ਼ੇਰ ਤੇ ਲੂੰਬੜੀ ਵੇਖੇ
(b) ਜੰਗਲ਼ ਉੱਪਰੋਂ ਉੱਡਦੇ ਸਮੇਂ ਕਾਂ ਨੇ ਹੇਠਾਂ ਮਗਰਮੱਛਣੀ, ਹਿਰਨ, ਬਘਿਆੜ, ਸ਼ੇਰ ਤੇ ਲੂੰਬੜੀ ਵੇਖੇ
(c) ਜੰਗਲ਼ ਉੱਪਰੋਂ ਉੱਡਦੇ ਸਮੇਂ ਕਾਂਉਣੀ ਨੇ ਹੇਠਾਂ ਮਗਰਮੱਛਣੀ, ਹਿਰਨੀ, ਬਘਿਆੜ, ਸ਼ੇਰ ਤੇ ਲੂੰਬੜੀ ਵੇਖੇ
(d) ਜੰਗਲ਼ ਉੱਪਰੋਂ ਉੱਡਦੇ ਸਮੇਂ ਕਾਂਉਣੀ ਨੇ ਹੇਠਾਂ ਮਗਰਮੱਛਣੀ, ਹਿਰਨੀ, ਬਘਿਆੜ, ਸ਼ੇਰ ਤੇ ਲੂੰਬੜ ਵੇਖੇ

House of Aspirants | houseofaspirants.in
Join Telegram - House of Aspirants | houseofaspirants.in

21. 'ਪ੍ਰਸੰਗਿਕ ਖਰਚੇ' ਲਈ ਅੰਗਰੇਜ਼ੀ ਦਾ ਕਿਹੜਾ ਸ਼ਬਦ ਢੁਕਵਾਂ ਹੈ ?

(a) Incidental Charges (b) Extra Charges

(c) Branch incharges (d) Travel Charges

22. ਪੰਜਾਬੀ ਭਾਸ਼ਾ ਨੂੰ ਗੁਰਮੁਖੀ ਲਿਪੀ ਵਿੱਚ ਲਿਖਤ ਰੂਪ ਦਿੰਦੇ ਸਮੇਂ ਕਿੰਨੇ ਵਿਸਰਾਮ ਚਿੰਨ੍ਹਾਂ ਦੀ ਵਰਤੋਂ ਕੀਤੀ ਜਾਂਦੀ ਹੈ ?

(a) ਗਿਆਰਾਂ (b) ਤੇਰਾਂ (c) ਪੰਦਰਾਂ (d) ਸਤਾਰਾਂ

23. ਹੇਠ ਲਿਖੇ ਵਿਕਲਪਾਂ ਵਿੱਚੋਂ ਕਿਹੜੀ ਪੰਜਾਬ ਵਿੱਚ ਮੁੰਡਿਆਂ ਜਾ ਕੁੜੀਆਂ ਵੱਲੋਂ ਖੇਡੀ ਜਾਣ ਵਾਲ਼ੀ ਇੱਕ ਬਾਲ ਲੋਕ-ਖੇਡ ਹੈ ?

(a) ਗਨੇਰੀਆਂ ਚੁਪਣਾ (b) ਗਨੇਰੀਆਂ ਛਿੱਲਣਾ

(c) ਗਨੇਰੀਆਂ ਵੱਢਣਾ (d) ਚੀਚੋ ਚੀਚ ਗਨੇਰੀਆਂ

24. 'ਸ੍ਰੀ ਹਰਿਮੰਦਰ ਸਾਹਿਬ' ਦੀ ਨੀਂਹ ਕਿਸ ਗੁਰੂ ਸਾਹਿਬਾਨ ਦੇ ਸਮੇਂ ਰੱਖੀ ਗਈ ?

(a) ਸ੍ਰੀ ਗੁਰੂ ਅਰਜਨ ਦੇਵ ਜੀ (b) ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

(c) ਸ੍ਰੀ ਗੁਰੂ ਤੇਗ਼ ਬਹਾਦਰ ਜੀ (d) ਸ੍ਰੀ ਗੁਰੂ ਗੋਬਿੰਦ ਸਿੰਘ ਜੀ

25. 'ਜਦੋਂ ਕੁਝ ਮੁੰਡੇ ਇਕੱਠੇ ਹੋ ਕੇ ਸ਼ਰਾਰਤਾਂ ਕਰਨ ਜਾਂ ਕਿਸੇ ਨੂੰ ਖਿਝਾਉਣ' ਉਦੋਂ ਗੁੱਸੇ ਵਿੱਚ ਉਹਨਾਂ ਲਈ ਕਿਹੜਾ ਅਖਾਣ ਵਰਤਿਆ ਜਾਵੇਗਾ ?

(a) ਜ਼ਰਾ ਵੀ ਗਇਆ, ਯਾਰੀ ਵੀ ਗਈ (b) ਜੰਮੇ ਨਾ ਜਾਏ, ਅਜ਼ਗੈਬੀ ਗੋਲੇ ਆਏ

(c) ਜੰਮੇ ਨੌਂ ਪਿੱਟੇ ਤੇਰਾਂ (d) ਜੰਮਣ ਵਾਰ, ਏਹੋ ਹਾਲ

26. ਜਿਸ ਮੌਕੇ ਅਖਾਣ: 'ਆਪ ਮੀਆਂ ਮੰਗਤੇ, ਬਾਹਰ ਖੜ੍ਹੇ ਦਰਵੇਸ਼' ਵਰਤਿਆ ਜਾਂਦਾ ਹੈ, ਉਸੇ ਮੌਕੇ ਹੋਰ ਕਿਹੜਾ ਅਖਾਣ ਵਰਤਿਆ ਜਾ ਸਕਦਾ ਹੈ ? ਦਿੱਤੇ ਗਏ ਵਿਕਲਪਾਂ ਵਿੱਚੋਂ ਚੁਣੋ :

(a) ਆਪ ਬੀਬੀ ਕੋਕਾਂ ਤੇ ਮੱਤੀ ਦੇਵੇ ਲੋਕਾਂ (b) ਆਪ ਨਾ ਜੋਗੀ ਗੁਆਂਢ ਵਲੇਵਾ

(c) ਘਰ ਦਾ ਜੋਗੀ ਜੋਗੜਾ, ਬਾਹਰ ਦਾ ਜੋਗੀ ਸਿੱਧ (d) ਆਪ ਕਾਜ, ਮਹਾਂ ਕਾਜ

27. 'ਯੋਧਿਆਂ ਦੀ ਮਹਿਮਾ ਵਿੱਚ ਲਿਖੀ ਗਈ ਬਿਰਤਾਂਤਕ ਕਵਿਤਾ' ਵਾਕ ਲਈ ਵਰਤਿਆ ਜਾਂਦਾ ਇੱਕ ਸ਼ਬਦ ਚੁਣੋ :

(a) ਕਿੱਸਾ (b) ਕਥਾਵਾਂ (c) ਵਾਰ (d) ਕਹਾਣੀ

28. 'ਚੰਗੇ ਬੱਚੇ ਮਾਪਿਆਂ ਦਾ ਨਾਂ ਦੁਨੀਆ ਵਿੱਚ ਰੌਸ਼ਨ ਕਰਦੇ ਹਨ' ਵਾਕ ਦਾ ਲਿੰਗ ਬਦਲ ਕੇ ਬਣਨ ਵਾਲ਼ਾ ਸਹੀ ਵਾਕ ਚੁਣੋ ?

(a) ਚੰਗੇ ਬੱਚੇ ਮਾਤਾ-ਪਿਤਾ ਦਾ ਨਾਂ ਦੁਨੀਆ ਵਿੱਚ ਰੌਸ਼ਨ ਕਰਦੇ ਹਨ

(b) ਚੰਗੀਆਂ ਬੱਚੀਆਂ ਮਾਪਿਆਂ ਦਾ ਨਾਂ ਦੁਨੀਆ ਵਿੱਚ ਰੌਸ਼ਨ ਕਰਦੀਆਂ ਹਨ

(c) ਚੰਗੇ ਬੱਚੇ ਮਾਪਿਆਂ ਦਾ ਨਾਂ ਦੁਨੀਆ ਵਿੱਚ ਰੌਸ਼ਨ ਨਹੀਂ ਕਰਦੇ ਹਨ

(d) ਇਹਨਾਂ ਵਿੱਚੋਂ ਕੋਈ ਵੀ ਨਹੀਂ

Join Telegram - House of Aspirants | houseofaspirants.in

29. 'ਪੰਜਾਬੀ ਭਾਸ਼ਾ _____ ਤੋਂ ਨਿਕਲੀ ਹੈ ।' ਢੁਕਵਾਂ ਵਿਕਲਪ ਚੁਣ ਕੇ ਖਾਲੀ ਸਥਾਨ ਭਰੋ ।

(a) ਗੁਰਮੁਖੀ (b) ਦੇਵਨਾਗਰੀ (c) ਸ਼ਾਹਮੁਖੀ (d) ਪੱਛਮੀ ਅਪਭ੍ਰੰਸ਼

30. 'ਸ੍ਰੀ ਗੁਰੂ ਤੇਗ਼ ਬਹਾਦਰ ਜੀ' ਦਾ ਜਨਮ ਕਿਸ ਰਾਜ ਵਿੱਚ ਹੋਇਆ ?

(a) ਬਿਹਾਰ (b) ਮਹਾਰਾਸ਼ਟਰ (c) ਪੰਜਾਬ (d) ਜੰਮੂ ਅਤੇ ਕਸ਼ਮੀਰ

31. ਅੰਗਰੇਜ਼ੀ ਦੇ ਸ਼ਬਦ 'Petition Writer' ਲਈ ਸ਼ੁੱਧ ਪੰਜਾਬੀ ਰੂਪ ਚੁਣੋ :

(a) ਮੁਅਕਿਲ (b) ਅਰਜ਼ੀ ਨਵੀਸ (c) ਅਰਦਲੀ (d) ਸਹਾਇਕ ਲੇਖਕ

32. ਹੇਠ ਦਿੱਤੇ ਵਿਕਲਪਾਂ ਵਿੱਚੋਂ ਮੁਹਾਵਰਾ: 'ਪੈਂਤੜਿਓ ਉੱਖੜਨਾ' ਲਈ ਢੁਕਵਾਂ ਅਰਥ ਚੁਣੋ;

(a) ਝਗੜਾ ਖੜ੍ਹਾ ਕਰਨਾ (b) ਡੋਲ ਜਾਣਾ (c) ਗਿਣਤੀ ਭੁੱਲ ਜਾਣਾ (d) ਸਮਝਾ ਸਮਝਾ ਕੇ ਥੱਕ ਜਾਣਾ

33. 'ਸ੍ਰੀ ਗੁਰੂ ਰਾਮਦਾਸ ਜੀ' ਨੇ ਕਿੰਨੇ ਰਾਗਾਂ ਵਿੱਚ ਬਾਣੀ ਰਚੀ ਹੈ ?

(a) 15 ਰਾਗਾਂ ਵਿੱਚ (b) 17 ਰਾਗਾਂ ਵਿੱਚ (c) 19 ਰਾਗਾਂ ਵਿੱਚ (d) 30 ਰਾਗਾਂ ਵਿੱਚ

34. ਹੇਠ ਦਿੱਤੇ ਵਿਕਲਪਾਂ ਵਿੱਚੋਂ ਮੁਹਾਵਰਾ: 'ਡੁਬਕੂ ਡੁਬਕੂ ਕਰਨਾ' ਲਈ ਕਿਹੜਾ/ਕਿਹੜੇ ਅਰਥ ਸਹੀ ਹੋਵੇਗਾ/ਹੋਣਗੇ ?

(a) ਹੈਰਾਨ ਹੋ ਕੇ ਅੱਖਾਂ ਅੱਡੀ ਵੇਖਣਾ (b) ਗੋਤੇ ਖਾਣੇ

(c) ਡੂੰਘੀਆਂ ਸੋਚਾਂ ਵਿੱਚ ਗਰਕ ਹੋਣਾ (d) (a) ਅਤੇ (c) ਦੋਵੇਂ

35. ਅੰਗਰੇਜ਼ੀ ਮਹੀਨੇ 'December' ਨੂੰ ਪੰਜਾਬੀ ਵਿੱਚ ਸ਼ੁੱਧ ਰੂਪ ਵਿੱਚ ਕਿਸ ਤਰ੍ਹਾਂ ਲਿਖਿਆ ਜਾਵੇਗਾ ?

(a) ਦਿਸੰਬਰ (b) ਦਸੰਬਰ (c) ਦਸੰਵਰ (d) ਦੀਸੰਬਰ

36. ਹੇਠ ਲਿਖਿਆਂ ਵਿੱਚੋਂ ਸਹੀ ਵਿਰੋਧੀ ਸ਼ਬਦ ਜੋੜਾ ਚੁਣੋ :

(a) ਗੁਪਤ/ਛਿਪਿਆ (b) ਦਿਨ/ਚਾਨਣ (c) ਭੰਨਣਾ/ਘੜਨਾ (d) ਫ਼ਿਕਰ/ਚਿੰਤਾ

37. ਕਿਸੇ ਪ੍ਰਾਣੀ ਦੀ ਮੌਤ ਹੋ ਜਾਣ 'ਤੇ ਉਸ ਦੇ ਗੁਣ, ਕਰਮ ਦੱਸਣ ਵਾਲ਼ੇ, ਇਸਤਰੀਆਂ ਵੱਲੋਂ ਗਾਏ ਜਾਣ ਵਾਲ਼ੇ ਕਰੁਣਾਮਈ ਤੇ ਸੋਗ-ਗੀਤ _____ ਅਖਵਾਉਂਦੇ ਹਨ । ਢੁਕਵਾਂ ਵਿਕਲਪ ਚੁਣ ਕੇ ਖਾਲੀ ਸਥਾਨ ਭਰੋ ।

(a) ਢੋਲਾ (b) ਮਾਹੀਆ (c) ਅਲਾਹੁਣੀਆਂ (d) ਸਿੱਠਣੀਆਂ

38. ਵਿਆਕਰਨ ਅਨੁਸਾਰ ਕਿਰਿਆ-ਵਿਸ਼ੇਸ਼ਣ ਕਿੰਨੀ ਕਿਸਮ ਦੇ ਹੁੰਦੇ ਹਨ :

(a) ਪੰਜ (b) ਛੇ (c) ਅੱਠ (d) ਨੌਂ

39. ਹੇਠ ਲਿਖਿਆਂ ਵਿੱਚੋਂ ਕਿਹੜਾ ਸ਼ਬਦ 'ਛਾਪ' ਦਾ ਸਮਾਨਾਰਥਕ ਸ਼ਬਦ ਨਹੀਂ ਹੈ :

(a) ਮੁਹਰ (b) ਠੱਪਾ (c) ਛਾਪਾ (d) ਛਾਪਕ

House of Aspirants | houseofaspirants.in

Join Telegram - House of Aspirants | houseofaspirants.in

40. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਜ਼ਫ਼ਰਨਾਮਾ' ਦੀ ਰਚਨਾ ਕਿਸ ਭਾਸ਼ਾ ਵਿੱਚ ਕੀਤੀ ?

(a) ਪੰਜਾਬੀ (b) ਸੰਸਕ੍ਰਿਤ (c) ਹਿੰਦੀ (d) ਫ਼ਾਰਸੀ

41. 'Goods Clerk' ਲਈ ਪੰਜਾਬੀ ਵਿੱਚ ਕਿਹੜਾ ਸ਼ਬਦ ਵਰਤਿਆ ਜਾਂਦਾ ਹੈ ?

(a) ਚੰਗਾ ਕਲਰਕ (b) ਮਾਲ ਕਲਰਕ (c) ਹੈੱਡ ਕਲਰਕ (d) ਮੁੱਖ ਕਲਰਕ

42. ਬੰਦਾ ਸਿੰਘ ਬਹਾਦਰ ਨੇ ਮੁਖਲਿਸਪੁਰ ਦੇ ਪੁਰਾਣੇ ਕਿਲ੍ਹੇ ਦੀ ਮੁਰੰਮਤ ਕਰਵਾ ਕੇ ਉਸ ਨੂੰ ਕੀ ਨਵਾਂ ਨਾਂ ਦਿੱਤਾ ਸੀ ?

(a) ਕਿਲ੍ਹਾ ਮੁਬਾਰਕ (b) ਲੋਹਗੜ੍ਹ (c) ਲਾਲ ਕਿਲ੍ਹਾ (d) ਬਹਾਦਰਗੜ੍ਹ ਕਿਲ੍ਹਾ

43. 'ਧੁਰਾ' ਸ਼ਬਦ ਦਾ ਵਚਨ ਬਦਲ ਕੇ ਬਣਨ ਵਾਲ਼ਾ ਸਹੀ ਸ਼ਬਦ ਚੁਣੋ :

(a) ਧੁਰੇ (b) ਧੁਰਾਂ (c) ਧੁਰੋਂ (d) ਧੁਰੀ

44. ਹੇਠ ਲਿਖਿਆਂ ਵਿੱਚੋਂ ਕਿਹੜਾ ਪੰਜਾਬੀ ਸ਼ਬਦ 'Atmosphere' ਦੇ ਅਰਥਾਂ ਨੂੰ ਪ੍ਰਗਟਾਉਂਦਾ ਹੈ ?

(a) ਵਾਯੂ-ਮੰਡਲ (b) ਪ੍ਰਮਾਣੂ-ਊਰਜਾ (c) ਮੰਡਲ (d) ਖ਼ੁਦਮੁਖ਼ਤਿਆਰ

45. 'ਸ੍ਰੀ ਗੁਰੂ ਤੇਗ਼ ਬਹਾਦਰ ਜੀ' ਕਿਸ ਗੁਰੂ ਸਾਹਿਬਾਨ ਦੇ ਸਪੁੱਤਰ ਸਨ ?

(a) ਸ੍ਰੀ ਗੁਰੂ ਅਮਰਦਾਸ ਜੀ (b) ਸ੍ਰੀ ਗੁਰੂ ਰਾਮਦਾਸ ਜੀ
(c) ਸ੍ਰੀ ਗੁਰੂ ਅਰਜਨ ਦੇਵ ਜੀ (d) ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

46. 'ਸ੍ਰੀ ਗੁਰੂ ਅੰਗਦ ਦੇਵ ਜੀ' ਦਾ ਜਨਮ ਹੇਠ ਲਿਖਿਆਂ ਵਿੱਚੋਂ ਪੰਜਾਬ ਦੇ ਕਿਸ ਖਿੱਤੇ ਵਿੱਚ ਹੋਇਆ ?

(a) ਮਾਝਾ (b) ਮਾਲਵਾ (c) ਦੁਆਬਾ (d) ਪੁਆਧ

47. ਹੇਠ ਲਿਖਿਆਂ ਵਿੱਚੋਂ ਕਿਹੜਾ ਸ਼ਬਦ 'ਝਗੜਾ/ਕਲੇਸ਼' ਦਾ ਸਮਾਨਾਰਥਕ ਹੈ ?

(a) ਝੱਜੂ (b) ਝੱਜਾ (c) ਝੱਗਾ (d) ਝੱਜਰ

48. ਅੰਕ 9¾ ਨੂੰ ਗੁਰਮੁਖੀ ਗਿਣਤੀ ਵਿੱਚ ਕਿਸ ਤਰ੍ਹਾਂ ਲਿਖਿਆ ਜਾਵੇਗਾ ?

(a) ਪੌਣੇ ਨੌਂ (b) ਸਵਾ ਨੌਂ (c) ਸਾਢੇ ਨੌਂ (d) ਪੌਣੇ ਦਸ

49. 'ਵਾਰ ' ਪਿਛੇਤਰ ਲੱਗ ਕੇ ਬਣਨ ਵਾਲ਼ਾ ਸਹੀ ਸ਼ਬਦ ਚੁਣੋ :

(a) ਬਾਹਰਵਾਰ (b) ਨਿਆਵਾਰ (c) ਮਿਨਾਵਾਰ (d) ਥਿਮਾਵਾਰ

50. 'ਨਿ' ਅਗੇਤਰ ਲੱਗ ਕੇ ਬਣਨ ਵਾਲ਼ਾ ਸਹੀ ਸ਼ਬਦ ਚੁਣੋ :

(a) ਨਿਹਫਲ (b) ਨਿਆਜ਼ (c) ਨਿਆਸਰਾ (d) ਨਿਰਮਾਣ

Join Telegram - House of Aspirants | houseofaspirants.in

Part - B

ਨੋਟ : ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ, ਉਹਨਾਂ ਦੇ ਹੇਠਾਂ ਦਿੱਤੇ ਵਿਕਲਪਾਂ ਵਿੱਚੋਂ ਚੁਣ ਕੇ OMR ਉੱਤਰ ਸ਼ੀਟ 'ਤੇ ਦਰਜ ਕਰੋ :

51. 'ਛੁਪਣਾ' ਸ਼ਬਦ ਲਈ ਹੇਠ ਲਿਖਿਆਂ ਵਿੱਚੋਂ ਢੁਕਵਾਂ ਵਿਰੋਧੀ ਸ਼ਬਦ ਚੁਣੋ :
(a) ਓਹਲੇ ਹੋਣਾ (b) ਲੁਕਣਾ (c) ਅਸਤ ਹੋਣਾ (d) ਪ੍ਰਗਟ ਹੋਣਾ

52. 'ਹਰਫ਼' ਸ਼ਬਦ ਦਾ ਇੱਕ ਅਰਥ 'ਅੱਖਰ/ਵਰਨ' ਹੈ, ਹੇਠ ਲਿਖਿਆਂ ਵਿੱਚੋਂ ਹੋਰ ਕਿਹੜਾ ਅਰਥ ਹੋ ਸਕਦਾ ਹੈ ?
(a) ਦੋਸ਼ (b) ਹਮਪੇਸ਼ਾ (c) ਪਾਖੰਡੀ (d) ਮਿੱਤਰਤਾ

53. 'ਕ ਪਿਛੇਤਰ ਲੱਗ ਕੇ ਬਣਨ ਵਾਲ਼ਾ ਸਹੀ ਸ਼ਬਦ ਚੁਣੋ :
(a) ਕਲੰਕ (b) ਪਾਠਕ (c) ਸਾਕ (d) ਖਾਕ

54. ਹੇਠ ਲਿਖਿਆਂ ਵਿੱਚੋਂ ਕਿਹੜਾ ਪੰਜਾਬੀ ਸ਼ਬਦ 'Fortnightly' ਦੇ ਅਰਥਾਂ ਨੂੰ ਪ੍ਰਗਟਾਉਂਦਾ ਹੈ ?
(a) ਮਾਸਿਕ (b) ਅੱਧਮਾਸਿਕ (c) ਹਫ਼ਤਾਵਾਰੀ (d) ਹਨੇਰਾ ਕਿਲ੍ਹਾ

55. ਹੇਠ ਲਿਖੇ ਵਾਕ ਵਿੱਚੋਂ ਜੋੜੂ ਕਿਰਿਆ ਨਾਲ਼ ਆਉਣ ਵਾਲ਼ੇ ਵਿਧੇਅਕੀ ਸ਼ਬਦ ਨੂੰ ਚੁਣੋ :
ਕਸਤੂਰੀ ਲਾਲ ਤਹਿਸੀਲਦਾਰ ਬਣ ਗਿਆ ।
(a) ਕਸਤੂਰੀ ਲਾਲ (b) ਤਹਿਸੀਲਦਾਰ (c) ਬਣ (d) ਬਣ ਗਿਆ

56. 'ਛੱਤਾਂ ਉੱਤੇ ਮਿੱਟੀ ਪਾਈ' ਵਾਕ ਵਿੱਚ 'ਛੱਤਾਂ' ਸ਼ਬਦ ਦਾ ਹੇਠ ਲਿਖਿਆਂ ਵਿੱਚੋਂ ਕਿਹੜਾ ਰੂਪ ਹੈ ?
(a) ਨਾਂਵ, ਬਹੁ-ਵਚਨ (b) ਨਾਂਵ, ਇੱਕ-ਵਚਨ (c) ਪੜਨਾਂਵ, ਇੱਕ-ਵਚਨ (d) ਪੜਨਾਂਵ, ਬਹੁ-ਵਚਨ

57. 'ਮੋਹਨ ਦੇ ਮੁੰਡੇ ਦੇ ਵਿਆਹ ਵਿੱਚ ਉਹਨਾਂ ਦਾ ਨੌਕਰ ਤੇ ਨੌਕਰ ਦੀ ਘਰਵਾਲ਼ੀ ਘਰ ਆਏ ਮਾਮਿਆਂ, ਚਾਚਿਆਂ, ਮਾਸੀਆਂ, ਤਾਏ ਤੇ ਭੂਆ ਦੀ ਖ਼ੂਬ ਸੇਵਾ ਕਰ ਰਹੇ ਸਨ' ਵਾਕ ਦਾ ਲਿੰਗ ਬਦਲ ਕੇ ਬਣਨ ਵਾਲ਼ਾ ਸਹੀ ਵਾਕ ਚੁਣੋ?
(a) ਮੋਹਨ ਦੀ ਕੁੜੀ ਦੇ ਵਿਆਹ ਵਿੱਚ ਉਹਨਾਂ ਦੀ ਨੌਕਰਾਣੀ ਤੇ ਨੌਕਰਾਣੀ ਦਾ ਘਰਵਾਲ਼ਾ ਘਰ ਆਏ ਮਾਮਿਆਂ, ਚਾਚਿਆਂ, ਮਾਸੀਆਂ, ਤਾਏ ਤੇ ਭੂਆ ਦੀ ਖ਼ੂਬ ਸੇਵਾ ਕਰ ਰਹੇ ਸਨ ।
(b) ਮੋਹਨ ਦੀ ਕੁੜੀ ਦੇ ਵਿਆਹ ਵਿੱਚ ਉਹਨਾਂ ਦੀ ਨੌਕਰਾਣੀ ਤੇ ਨੌਕਰਾਣੀ ਦਾ ਘਰਵਾਲ਼ਾ ਘਰ ਆਈਆਂ ਮਾਮੀਆਂ, ਚਾਚੀਆਂ, ਮਾਸੜਾਂ, ਤਾਏ ਤੇ ਭੂਆ ਦੀ ਖ਼ੂਬ ਸੇਵਾ ਕਰ ਰਹੇ ਸਨ ।
(c) ਮੋਹਨ ਦੇ ਮੁੰਡੇ ਦੇ ਵਿਆਹ ਵਿੱਚ ਉਹਨਾਂ ਦਾ ਨੌਕਰ ਤੇ ਨੌਕਰ ਦੀ ਘਰਵਾਲ਼ੀ ਘਰ ਆਈਆਂ ਮਾਮੀਆਂ, ਚਾਚੀਆਂ, ਮਾਸੜਾਂ, ਤਾਈ ਤੇ ਫੁੱਫੜ ਦੀ ਖ਼ੂਬ ਸੇਵਾ ਕਰ ਰਹੇ ਸਨ ।
(d) ਮੋਹਨ ਦੀ ਕੁੜੀ ਦੇ ਵਿਆਹ ਵਿੱਚ ਉਹਨਾਂ ਦੀ ਨੌਕਰਾਣੀ ਤੇ ਨੌਕਰਾਣੀ ਦਾ ਘਰਵਾਲ਼ਾ ਘਰ ਆਈਆਂ ਮਾਮੀਆਂ, ਚਾਚੀਆਂ, ਮਾਸੜਾਂ, ਤਾਈ ਤੇ ਫੁੱਫੜ ਦੀ ਖ਼ੂਬ ਸੇਵਾ ਕਰ ਰਹੇ ਸਨ ।

58. 'ਜਦੋਂ ਕੋਈ ਸਿਰਫ਼ ਮੂੰਹ ਨਾਲ਼ ਹੀ ਮਿੱਠੀਆਂ-ਮਿੱਠੀਆਂ ਗੱਲਾਂ ਕਰੀ ਜਾਏ ਤੇ ਹੱਥੋਂ ਕੁਝ ਨਾ ਦੇਵੇ' ਉਦੋਂ ਉਸ ਲਈ ਕਿਹੜਾ ਅਖਾਣ ਵਰਤਿਆ ਜਾਵੇਗਾ ?
(a) ਸੱਜਰੀ ਨਾ ਬੇਹੀ, ਹਮੇਸ਼ਾਂ ਇੱਕੋ ਜੇਹੀ
(b) ਸਦਕੇ ਮਾਸੀ, ਘੁਮਾਈ ਮਾਸੀ, ਭਣੇਵਾਂ ਰੋਟੀ ਘਰ ਜਾ ਖਾਸੀ
(c) ਬਾਬਾ ਮੋਇਆ, ਨਿਹਾਲਾ ਜੰਮਿਆ, ਫੇਰ ਤਰੇਹਾਂ ਦੇ ਤਰੇ
(d) ਚੰਨ ਚੰਨਾ ਦੇ ਮਾਮਲੇ ਚੜ੍ਹਨ ਤੇ ਚੜ੍ਹਨ, ਨਾ ਚੜ੍ਹਨ ਤੇ ਨਾ ਹੀ ਚੜ੍ਹਨ

Join Telegram - House of Aspirants | houseofaspirants.in

59. 'ਜਿੱਥੇ ਰੁਪਏ ਪੈਸੇ ਜਾਂ ਸਿੱਕੇ ਬਣਾਏ ਜਾਣ' ਵਾਕ ਲਈ ਇੱਕ ਸ਼ਬਦ ਚੁਣੋ :
(a) ਰਿਜ਼ਰਵ ਬੈਂਕ (b) ਛਾਪਖ਼ਾਨਾ (c) ਵਿੱਤ-ਮੰਤਰਾਲਾ (d) ਟਕਸਾਲ

60. ਮੁਹਾਵਰਾ: 'ਗਦੋ ਖ਼ੁਰਕਣੀ ਕਰਨਾ' ਲਈ ਢੁਕਵਾਂ ਅਰਥ ਚੁਣੋ;
(a) ਖ਼ੁਸ਼ਾਮਦ ਕਰਨਾ (b) ਖ਼ੁਆਰ ਕਰਨਾ (c) ਫ਼ੈਸਲਾ ਨਾ ਕਰਨਾ (d) ਬਹੁਤ ਵਧੀਕੀ ਕਰਨਾ

61. ਸਹੀ ਸ਼ਬਦ-ਜੋੜ ਚੁਣੋ :
(a) ਖਰਗੋਸ਼ (b) ਖ਼ਰਗੋਸ (c) ਖ਼ਰਗੋਸ਼ (d) ਖਰਗ਼ੋਸ਼

62. ਹੇਠ ਲਿਖਿਆਂ ਵਿੱਚੋਂ ਕਿਹੜਾ ਅਗੇਤਰ ਲੱਗਣ ਨਾਲ਼ ਜ਼ਿਆਦਾਤਰ ਸ਼ਬਦਾਂ ਦੇ ਅਰਥ ਉਲਟੇ ਹੋ ਜਾਂਦੇ ਹਨ ?
(a) ਉਪ (b) ਸੁ (c) ਹਮ (d) ਅਪ

63. 'ਨਣਾਨ' ਸ਼ਬਦ ਦੇ ਬਹੁ-ਵਚਨ ਦਾ ਸ਼ੁੱਧ-ਰੂਪ ਕਿਹੜਾ ਹੈ ?
(a) ਨਨਾਣਾਂ (b) ਨਣਦਾਂ (c) ਨਣਾਨੋ (d) ਨਣਾਨਾਂ

64. In MS-Excel, which one of following denote a range from cell A1 through B5 ?
(a) A1-B5 (b) A1:B5 (c) A1 to B5 (d) A1$B5
MS-Excel ਵਿੱਚ, ਹੇਠਾਂ ਦਿੱਤੇ ਵਿੱਚੋਂ ਕਿਹੜਾ ਇੱਕ ਸੈੱਲ A1 ਤੋਂ B5 ਤੱਕ ਇੱਕ ਰੇਂਜ ਨੂੰ ਦਰਸਾਉਂਦਾ ਹੈ।
(a) A1-B5 (b) A1:B5 (c) A1 ਤੋਂ B5 ਤੱਕ (d) A1$B5

65. Which of the following is the smallest visual element on a video monitor ?
(a) Character (b) Pixel (c) Byte (d) Bit
ਵੀਡੀਓ ਮਾਨੀਟਰ 'ਤੇ ਹੇਠਾਂ ਦਿੱਤੇ ਵਿੱਚੋਂ ਕਿਹੜਾ ਸਭ ਤੋਂ ਛੋਟਾ ਵਿਜ਼ੂਅਲ ਤੱਤ ਹੈ ?
(a) ਅੱਖਰ (b) ਪਿਕਸਲ (c) ਬਾਈਟ (d) ਬਿੱਟ

66. The process of transferring files from a computer on the Internet to your computer is called :
(a) Uploading (b) Forwarding (c) FTP (d) Downloading
ਇੰਟਰਨੈਟ ਤੇ ਕੰਪਿਊਟਰ ਤੋਂ ਤੁਹਾਡੇ ਕੰਪਿਊਟਰ ਵਿੱਚ ਫਾਈਲਾਂ ਟ੍ਰਾਂਸਫਰ ਕਰਨ ਦੀ ਪ੍ਰਕਿਰਿਆ ਨੂੰ ਕਿਹਾ ਜਾਂਦਾ ਹੈ ?
(a) ਅੱਪਲੋਡ ਕਰਨਾ (b) ਫਾਰਵਰਡਿੰਗ (c) FTP (d) ਡਾਊਨਲੋਡ ਕਰਨਾ

67. Which one of the following is a graphical file extension ?
(a) BMP (b) TCP (c) CPX (d) MP4
ਹੇਠਾਂ ਦਿੱਤੇ ਵਿੱਚੋਂ ਕਿਹੜਾ ਇੱਕ ਗ੍ਰਾਫਿਕਲ ਫਾਈਲ ਐਕਸਟੈਂਸ਼ਨ ਹੈ ?
(a) BMP (b) TCP (c) CPX (d) MP4

68. A light sensitive device that converts drawing, printed text or other images into digital form is :
(a) Keyboard (b) Plotter (c) Scanner (d) OMR
ਇੱਕ light sensitive device ਜੋ ਡਰਾਇੰਗ, ਪ੍ਰਿੰਟ ਕੀਤੇ ਟੈਕਸਟ ਜਾਂ ਹੋਰ ਚਿੱਤਰਾਂ ਨੂੰ ਡਿਜੀਟਲ ਰੂਪ ਵਿੱਚ ਬਦਲਦਾ ਹੈ।
(a) ਕੀਬੋਰਡ (b) ਪਲਾਟਰ (c) ਸਕੈਨਰ (d) OMR

Join Telegram - House of Aspirants | houseofaspirants.in

69. What is the function of Ctrl+L in MS-Word ?
(a) It converts selected text into the next larger size of the same font
(b) It adds a line break to the document
(c) It makes the selected text left aligned
(d) It applies Italic formatting to the selected text
MS-Word ਵਿੱਚ Ctrl+L ਦਾ ਕੰਮ ਕੀ ਹੈ ?
(a) ਇਹ ਚੁਣੇ ਗਏ ਟੈਕਸਟ ਨੂੰ ਉਸੇ ਫੌਂਟ ਦੇ ਅਗਲੇ ਵੱਡੇ ਆਕਾਰ ਵਿੱਚ ਬਦਲਦਾ ਹੈ
(b) ਇਹ ਦਸਤਾਵੇਜ਼ ਵਿੱਚ ਇੱਕ ਲਾਈਨ ਬ੍ਰੇਕ ਜੋੜਦਾ ਹੈ
(c) ਇਹ ਚੁਣੇ ਗਏ ਟੈਕਸਟ ਨੂੰ ਖੱਬੇ ਪਾਸੇ ਇਕਸਾਰ ਬਣਾਉਂਦਾ ਹੈ
(d) ਇਹ ਚੁਣੇ ਗਏ ਟੈਕਸਟ 'ਤੇ ਇਟਾਲਿਕ ਫਾਰਮੈਟਿੰਗ ਲਾਗੂ ਕਰਦਾ ਹੈ

70. What does WLAN stand for ?
(a) Wireless Local Area Network
(b) Wired Local Area Network
(c) Wireless Local Ambiguity Network
(d) Wired Latent Area Network
WLAN ਦਾ ਅਰਥ ਕੀ ਹੈ ?
(a) ਵਾਇਰਲੈੱਸ ਲੋਕਲ ਏਰੀਆ ਨੈੱਟਵਰਕ
(b) ਵਾਇਰਡ ਲੋਕਲ ਏਰੀਆ ਨੈੱਟਵਰਕ
(c) ਵਾਇਰਲੈੱਸ ਲੋਕਲ ਐਂਬੂਗਿਟੀ ਨੈੱਟਵਰਕ
(d) ਵਾਇਰਡ ਲੇਟੈਂਟ ਏਰੀਆ ਨੈੱਟਵਰਕ

71. _____ allows user to send a file with email.
(a) Draft (b) Messenger (c) Sent (d) Attachments
_____ ਉਪਭੋਗਤਾ ਨੂੰ ਈਮੇਲ ਨਾਲ ਇੱਕ ਫਾਈਲ ਭੇਜਣ ਦੀ ਇਜਾਜ਼ਤ ਦਿੰਦਾ ਹੈ।
(a) ਡਰਾਫਟ (b) ਮੈਸੇਂਜਰ (c) ਸੈਂਟ (d) ਅਟੈਚਮੈਂਟ

72. Saving an existing document with some other name using the 'Save As' option :
(a) Replaces current Document
(b) Leaves current document intact
(c) Is not possible
(d) Closes current document
Save As ਵਿਕਲਪ ਦੀ ਵਰਤੋਂ ਕਰਕੇ ਕਿਸੇ ਹੋਰ ਨਾਮ ਨਾਲ ਮੌਜੂਦਾ ਦਸਤਾਵੇਜ਼ ਨੂੰ ਸੁਰੱਖਿਅਤ ਕਰਨਾ :
(a) ਮੌਜੂਦਾ ਦਸਤਾਵੇਜ਼ ਨੂੰ ਬਦਲਦਾ ਹੈ
(b) ਮੌਜੂਦਾ ਦਸਤਾਵੇਜ਼ ਨੂੰ ਬਰਕਰਾਰ ਰੱਖਦਾ ਹੈ
(c) ਸੰਭਵ ਨਹੀਂ ਹੈ
(d) ਮੌਜੂਦਾ ਦਸਤਾਵੇਜ਼ ਨੂੰ ਬੰਦ ਕਰਦਾ ਹੈ

House of Aspirants | houseofaspirants.in
Join Telegram - House of Aspirants | houseofaspirants.in

73. Natural gas is _____ than oil.
(a) cheap (b) to cheap (c) cheaper (d) cheapest

74. Priya _____ overtime for the last two weeks.
(a) is working (b) has been working
(c) is being working (d) does

Choose a word from the following options that has the same meaning as the word given below in following two questions :

75. Diligent :
(a) Inactive (b) Hard working (c) Lazy (d) Idle

76. Abandon :
(a) Forsake (b) Keep (c) Cherish (d) Enlarge

Choose a word from the following options that has the opposite meaning as the word given below in following two questions :

77. Repel :
(a) Resist (b) Deflect (c) Attract (d) Continue

78. Adhere :
(a) Obey (b) Follow (c) Stand By (d) Ignore

Substitute the below given sentence with one word :

79. The study of plants.
(a) Biology (b) Chronology (c) Entomology (d) Botany

80. A disease which spreads by contact.
(a) Incurable (b) Infectious (c) Contagious (d) Fatal

A phrase or idiom is given in below two questions, choose the correct meaning of the idiom or phrase from the given four options :

81. Spill the beans :
(a) Blaming something on someone else
(b) Asking too many questions
(c) Reveal a secret
(d) Do something to spoil relationships

House of Aspirants | houseofaspirants.in
Join Telegram - House of Aspirants | houseofaspirants.in

82. Through thick and thin :

(a) Finish something no matter how unsatisfying or unpleasant it is

(b) At all times – both good and bad

(c) Stay strong in a difficult situation

(d) Stay morally strong or be firm in decisions especially when being opposed

83. Find the correctly spelt word from the below given options.

(a) Benificial (b) Beneficil (c) Beneficial (d) Benifical

84. Which of the phrases given below the sentence should replace the phrase printed in bold type to make it grammatically correct ?

The performance of team was rather **worst than I had expected**

(a) bad as I had expected

(b) worse than I had expected

(c) worse than expectation

(d) worst than was expected

85. X is 4 years older to Y and 4 years younger to Z, while Y and P are twins. How many years older is Z to P ?

X, Y ਤੋਂ 4 ਸਾਲ ਵੱਡਾ ਅਤੇ Z ਤੋਂ 4 ਸਾਲ ਛੋਟਾ ਹੈ, ਜਦੋਂ ਕਿ Y ਅਤੇ P ਜੁੜਵਾਂ ਹਨ। Z, P ਤੋਂ ਕਿੰਨੇ ਸਾਲ ਵੱਡਾ ਹੈ ?

(a) 2 (b) 8 (c) 6 (d) 12

86. If Rahul walks at 18 km/hr instead of 12 km/hr, he would have walked 22 km more. The actual distance travelled by him is :

(a) 44 km (b) 50 km (c) 40 km (d) 56 km

ਜੇਕਰ ਰਾਹੁਲ 12 ਕਿਲੋਮੀਟਰ ਪ੍ਰਤੀ ਘੰਟਾ ਦੀ ਬਜਾਏ 18 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਤੁਰਦਾ ਹੈ, ਤਾਂ ਉਹ 22 ਕਿਲੋਮੀਟਰ ਵੱਧ ਪੈਦਲ ਚੱਲੇਗਾ। ਉਸ ਦੁਆਰਾ ਸਫ਼ਰ ਕੀਤੀ ਅਸਲ ਦੂਰੀ ਇਹ ਹੈ :

(a) 44 ਕਿਲੋਮੀਟਰ (b) 50 ਕਿਲੋਮੀਟਰ (c) 40 ਕਿਲੋਮੀਟਰ (d) 56 ਕਿਲੋਮੀਟਰ

87. The compound interest on Rs. 30,000 at 7% per annum is Rs. 4347. The period (in years) is :

7% ਦੀ ਦਰ 'ਤੇ 30,000 ਰੁਪਏ ਦਾ ਮਿਸ਼ਰਤ ਵਿਆਜ 4347 ਰੁਪਏ ਹੈ । ਸਮਾਂ-ਕਾਲ (ਸਾਲਾਂ ਵਿੱਚ) _____ ਹੈ ।

(a) 3 (b) $2\frac{1}{2}$ (c) 2 (d) 4

88. Evaluating expression $6^2 \times 6^2 \times 6^{-4}$ gives _____.

$6^2 \times 6^2 \times 6^{-4}$ ਸਮੀਕਰਨ ਦਾ ਮੁਲਾਂਕਣ _____ ਹੈ।

(a) 1 (b) 0 (c) 1296 (d) 6

Join Telegram - House of Aspirants | houseofaspirants.in

89. The sum of ages of 5 children born at the intervals of 3 years each is 50 years. What is the age of the youngest child ?

(a) 6 years (b) 8 years (c) 4 years (d) 10 years

3 ਸਾਲ ਦੇ ਅੰਤਰਾਲ 'ਤੇ ਪੈਦਾ ਹੋਏ 5 ਬੱਚਿਆਂ ਦੀ ਉਮਰ ਦਾ ਜੋੜ 50 ਸਾਲ ਹੈ। ਸਭ ਤੋਂ ਛੋਟੇ ਬੱਚੇ ਦੀ ਉਮਰ ਕਿੰਨੀ ਹੈ ?

(a) 6 ਸਾਲ (b) 8 ਸਾਲ (c) 4 ਸਾਲ (d) 10 ਸਾਲ

90. Find the missing alphabet in the given sequence.

ਦਿੱਤੇ ਕ੍ਰਮ ਵਿੱਚ ਗੁੰਮ ਹੋਏ ਅੱਖਰ ਨੂੰ ਲੱਭੋ ?

S, P, M, ?, G, D

(a) I . (b) K (c) H (d) J

91. A man walks 8 km towards south and then turns to the right. After walking 5 km he turns to the left and walks 8 km. Now in which direction is he from the starting place?

(a) West (b) South (c) North-East (d) South-West

ਇੱਕ ਆਦਮੀ ਦੱਖਣ ਵੱਲ 8 ਕਿਲੋਮੀਟਰ ਤੁਰਦਾ ਹੈ ਅਤੇ ਫਿਰ ਸੱਜੇ ਪਾਸੇ ਮੁੜਦਾ ਹੈ। 5 ਕਿਲੋਮੀਟਰ ਚੱਲਣ ਤੋਂ ਬਾਅਦ ਉਹ ਖੱਬੇ ਪਾਸੇ ਮੁੜਦਾ ਹੈ ਅਤੇ 8 ਕਿਲੋਮੀਟਰ ਤੁਰਦਾ ਹੈ। ਹੁਣ ਉਹ ਸ਼ੁਰੂਆਤੀ ਸਥਾਨ ਤੋਂ ਕਿਸ ਦਿਸ਼ਾ ਵਿੱਚ ਹੈ ?

(a) ਪੱਛਮ (b) ਦੱਖਣ (c) ਉੱਤਰ-ਪੂਰਬ (d) ਦੱਖਣ-ਪੱਛਮ

92. Study the following number sequence and answer the questions given below it :

5 1 4 7 3 9 8 5 7 2 6 3 1 5 8 6 3 8 5 2 2 4 3 4 9 6

How many odd numbers are there in the sequence each of which is Immediately followed by an odd number ?

(a) 3 (b) 2 (c) 1 (d) More than 4

ਹੇਠਾਂ ਦਿੱਤੇ ਨੰਬਰ ਕ੍ਰਮ ਦਾ ਅਧਿਐਨ ਕਰੋ ਅਤੇ ਹੇਠਾਂ ਦਿੱਤੇ ਸਵਾਲ ਦਾ ਜਵਾਬ ਦਿਓ :

5 1 4 7 3 9 8 5 7 2 6 3 1 5 8 6 3 8 5 2 2 4 3 4 9 6

ਇਸ ਕ੍ਰਮ ਵਿੱਚ ਕਿੰਨੀਆਂ ਔਡ ਸੰਖਿਆਵਾਂ ਹਨ ਜਿਹਨਾਂ ਵਿੱਚੋਂ ਹਰੇਕ ਦੇ ਤੁਰੰਤ ਬਾਅਦ ਇੱਕ ਔਡ ਸੰਖਿਆ ਆਉਂਦੀ ਹੈ ?

(a) 3 (b) 2 (c) 1 (d) 4 ਤੋਂ ਵੱਧ

93. A can finish a work in 18 days and B can do the same work in 15 days. B worked for 10 days and left the job. In how many days, A alone can finish the remaining work ?

A ਕਿਸੇ ਕੰਮ ਨੂੰ 18 ਦਿਨਾਂ ਵਿੱਚ ਪੂਰਾ ਕਰ ਸਕਦਾ ਹੈ ਅਤੇ B ਉਹੀ ਕੰਮ 15 ਦਿਨਾਂ ਵਿੱਚ ਕਰ ਸਕਦਾ ਹੈ। B ਨੇ 10 ਦਿਨ ਕੰਮ ਕੀਤਾ ਅਤੇ ਨੌਕਰੀ ਛੱਡ ਦਿੱਤੀ। A ਇਕੱਲਾ ਕਿੰਨੇ ਦਿਨਾਂ ਵਿਚ ਬਾਕੀ ਬਚਿਆ ਕੰਮ ਪੂਰਾ ਕਰ ਸਕਦਾ ਹੈ ?

(a) 5 (b) $5\frac{1}{2}$ (c) 6 (d) 8

Join Telegram - House of Aspirants | houseofaspirants.in

94. A sum of Rs. 18,000 amounts to Rs. 21,600 in 4 years at the rate of simple interest. What is the rate of interest ?
18,000 ਰੁਪਏ ਦੀ ਰਕਮ ਸਧਾਰਨ ਵਿਆਜ ਦੀ ਦਰ 'ਤੇ 4 ਸਾਲਾਂ ਵਿੱਚ 21,600 ਰੁਪਏ ਬਣ ਜਾਂਦੀ ਹੈ । ਵਿਆਜ ਦੀ ਦਰ ਕੀ ਹੈ ?
(a) 3% (b) 5% (c) 4% (d) 6%

95. Two workers A and B are paid a total of Rs. 550 per week by their employer. If A is paid 150 percent of the sum paid to B, how much is B paid per week ?
ਦੋ ਵਰਕਰਾਂ A ਅਤੇ B ਨੂੰ ਉਹਨਾਂ ਦੇ ਮਾਲਕ ਦੁਆਰਾ 550 ਪ੍ਰਤੀ ਹਫ਼ਤਾ ਕੁੱਲ ਰੁਪਏ ਦਾ ਭੁਗਤਾਨ ਕੀਤਾ ਜਾਂਦਾ ਹੈ। ਜੇਕਰ A ਨੂੰ, B ਨੂੰ ਅਦਾ ਕੀਤੀ ਰਕਮ ਦਾ 150 ਪ੍ਰਤੀਸ਼ਤ ਭੁਗਤਾਨ ਕੀਤਾ ਜਾਂਦਾ ਹੈ, B ਨੂੰ ਪ੍ਰਤੀ ਹਫ਼ਤੇ ਕਿੰਨਾ ਭੁਗਤਾਨ ਕੀਤਾ ਜਾਂਦਾ ਹੈ ?
(a) 220 (b) 250 (c) 300 (d) 350

96. Choose the odd one out from the given alternatives.
(a) Chandigarh (b) Shimla (c) Jaipur (d) Pune
ਦਿੱਤੇ ਗਏ ਵਿਕਲਪਾਂ ਵਿੱਚੋਂ ਵੱਖਰੇ/ਅਲੱਗ ਸਰੂਪ ਵਾਲ਼ੇ ਨੂੰ ਚੁਣੋ।
(a) ਚੰਡੀਗੜ੍ਹ (b) ਸ਼ਿਮਲਾ (c) ਜੈਪੁਰ (d) ਪੁਣੇ

97. The average weight of A, B and C is 45 kg. If the average weight of A and B be 40 kg and that of B and C be 43 kg, then the weight of B is :
(a) 17 kg (b) 20 kg (c) 26 kg (d) 31 kg
A, B ਅਤੇ C ਦਾ ਔਸਤ ਭਾਰ 45 ਕਿਲੋਗ੍ਰਾਮ ਹੈ। ਜੇਕਰ A ਅਤੇ B ਦਾ ਔਸਤ ਭਾਰ 40 ਕਿਲੋਗ੍ਰਾਮ ਹੈ ; ਅਤੇ B ਅਤੇ C ਦਾ 43 ਕਿਲੋਗ੍ਰਾਮ ਹੈ, ਤਾਂ B ਦਾ ਭਾਰ ਹੈ :
(a) 17 ਕਿਲੋਗ੍ਰਾਮ (b) 20 ਕਿਲੋਗ੍ਰਾਮ (c) 26 ਕਿਲੋਗ੍ਰਾਮ (d) 31 ਕਿਲੋਗ੍ਰਾਮ

98. Choose a word from the following options such that pair on the right side of : : has the same relation as the pair on the left side of : : ?
Ornithologist : Bird : : Meteorologist : ?
(a) Islands (b) Mediators (c) Humans (d) Weather
ਹੇਠਾਂ ਦਿੱਤੇ ਵਿਕਲਪਾਂ ਵਿੱਚੋਂ ਇੱਕ ਸ਼ਬਦ ਚੁਣੋ ਜਿਵੇਂ ਕਿ : : ਦੇ ਸੱਜੇ ਪਾਸੇ ਵਾਲੇ ਜੋੜੇ ਦਾ : : ਦੇ ਖੱਬੇ ਪਾਸੇ ਵਾਲੇ ਜੋੜੇ ਵਰਗਾ ਹੀ ਸਬੰਧ ਹੈ ?
ਪੰਛੀ ਵਿਗਿਆਨੀ : ਪੰਛੀ : : ਮੌਸਮ ਵਿਗਿਆਨੀ : ?
(a) ਟਾਪੂ (b) ਵਿਚੋਲੇ (c) ਮਨੁੱਖ (d) ਮੌਸਮ

99. Find the next number in the given sequence that would replace '?'
ਦਿੱਤੇ ਕ੍ਰਮ ਵਿੱਚ ਅਗਲੀ ਸੰਖਿਆ ਲੱਭੋ ਜੋ '?' ਨੂੰ ਬਦਲੇਗੀ।
1, 3, 4, 8, 15, 27, ?
(a) 37 (b) 44 (c) 50 (d) 55

100. A man buys a mobile for Rs. 14,000 and sells it at a loss of 15%. What is the selling price of the mobile ?
ਇੱਕ ਆਦਮੀ 14,000 ਰੁਪਏ ਵਿੱਚ ਇੱਕ ਮੋਬਾਈਲ ਖਰੀਦਦਾ ਹੈ। ਅਤੇ ਇਸਨੂੰ 15% ਦੇ ਘਾਟੇ 'ਤੇ ਵੇਚਦਾ ਹੈ। ਮੋਬਾਈਲ ਦੀ ਵਿਕਰੀ ਕੀਮਤ ਕੀ ਹੈ ?
(a) Rs. 11,600 (b) Rs. 11,900 (c) Rs. 10,900 (d) Rs. 12,020

Join Telegram - House of Aspirants | houseofaspirants.in

101. Find the odd one out of the given series :
ਦਿੱਤੀ ਗਈ ਲੜੀ ਵਿੱਚੋਂ ਵਿਲੱਖਣ/ਅਲੱਗ ਲੱਭੋ :

3, 8, 15, 25, 35, 48

(a) 15 (b) 48 (c) 8 (d) 25

102. Three number are in the ratio of 3 : 4 : 5 and their L.C.M. is 2400. Their H.C.F. is :
ਤਿੰਨ ਨੰਬਰ 3 : 4 : 5 ਦੇ ਅਨੁਪਾਤ ਵਿੱਚ ਹਨ ਅਤੇ ਉਹਨਾਂ ਦਾ L.C.M. 2400 ਹੈ। ਉਨ੍ਹਾਂ ਦਾ ਐਚ.ਸੀ.ਐਫ. ਹੈ :

(a) 80 (b) 120 (c) 40 (d) 100

103. What least number must be added to 1258, so that the sum is completely divisible by 28 ?
1258 ਵਿੱਚ ਕਿਹੜੀ ਘੱਟੋ-ਘੱਟ ਸੰਖਿਆ ਜੋੜੀ ਜਾਣੀ ਚਾਹੀਦੀ ਹੈ, ਤਾਂ ਜੋ ਜੋੜ ਨੂੰ 28 ਨਾਲ ਪੂਰੀ ਤਰ੍ਹਾਂ ਵੰਡਿਆ ਜਾ ਸਕੇ ?

(a) 2 (b) 3 (c) 18 (d) 28

104. The largest 4-digit number exactly divisible by 88 is :
ਸਭ ਤੋਂ ਵੱਡੀ 4-ਅੰਕੀ ਸੰਖਿਆ, ਜੋ 88 ਨਾਲ ਪੂਰੀ ਤਰ੍ਹਾਂ ਵੰਡੀ ਜਾ ਸਕਦੀ ਹੈ :

(a) 9768 (b) 9944 (c) 9988 (d) 8888

105. Amit started from his house towards North. After covering a distance of 4 km, he turned towards left and covered a distance of 3 km. What is the shortest distance now from his house ?

(a) 5 km (b) 7 km (c) 14 km (d) 10 km
ਅਮਿਤ ਆਪਣੇ ਘਰ ਤੋਂ ਉੱਤਰ ਵੱਲ ਸ਼ੁਰੂ ਹੋਇਆ। 4 ਕਿਲੋਮੀਟਰ ਦੀ ਦੂਰੀ ਤੈਅ ਕਰਨ ਤੋਂ ਬਾਅਦ, ਉਹ ਖੱਬੇ ਪਾਸੇ ਮੁੜਿਆ ਅਤੇ 3 ਕਿਲੋਮੀਟਰ ਦੀ ਦੂਰੀ ਤੈਅ ਕੀਤੀ। ਉਸ ਦੇ ਘਰ ਤੋਂ ਹੁਣ ਸਭ ਤੋਂ ਛੋਟੀ ਦੂਰੀ ਕੀ ਹੈ ?

(a) 5 ਕਿਲੋਮੀਟਰ (b) 7 ਕਿਲੋਮੀਟਰ (c) 14 ਕਿਲੋਮੀਟਰ (d) 10 ਕਿਲੋਮੀਟਰ

106. Fill the question mark with the alternatives given below :
ਪ੍ਰਸ਼ਨ-ਚਿੰਨ੍ਹ ਦੀ ਥਾਂ ਆਉਣ ਵਾਲ਼ਾ ਸਹੀ ਵਿਕਲਪ ਚੁਣੋ:

5 : 10, 6 : 18, 7 : 28, 8 : ?

(a) 40 (b) 32 (c) 48 (d) 35

107. Ajay said to Nikhil, "That boy playing with the football is the younger of the two brothers of the daughter of my father's wife." How is the boy playing football related to Ajay ?

(a) Son (b) Brother (c) Cousin (d) Brother-in-law
ਅਜੈ ਨੇ ਨਿਖਿਲ ਨੂੰ ਕਿਹਾ, "ਫੁੱਟਬਾਲ ਨਾਲ ਖੇਡਣ ਵਾਲਾ ਉਹ ਲੜਕਾ ਮੇਰੇ ਪਿਤਾ ਦੀ ਪਤਨੀ ਦੀ ਧੀ ਦੇ ਦੋ ਭਰਾਵਾਂ ਵਿੱਚੋਂ ਛੋਟਾ ਹੈ।" ਫੁੱਟਬਾਲ ਖੇਡਣ ਵਾਲੇ ਲੜਕੇ ਦਾ ਅਜੈ ਨਾਲ ਕੀ ਸਬੰਧ ਹੈ ?

(a) ਪੁੱਤਰ (b) ਭਰਾ (c) ਚਚੇਰਾ ਭਰਾ (d) ਜੀਜਾ

Join Telegram - House of Aspirants | houseofaspirants.in

Study the table given below and answer the two questions that follow :
Total Number of students of class 6th in different sections and percentage of girls and boys.
ਹੇਠਾਂ ਦਿੱਤੀ ਸਾਰਣੀ ਦਾ ਅਧਿਐਨ ਕਰੋ ਅਤੇ ਹੇਠਾਂ ਦਿੱਤੇ ਦੋ ਸਵਾਲਾਂ ਦੇ ਜਵਾਬ ਦਿਓ :
ਵੱਖ-ਵੱਖ ਭਾਗਾਂ ਵਿੱਚ 6ਵੀਂ ਜਮਾਤ ਦੇ ਵਿਦਿਆਰਥੀਆਂ ਦੀ ਕੁੱਲ ਸੰਖਿਆ ਅਤੇ ਲੜਕੀਆਂ ਅਤੇ ਮੁੰਡਿਆਂ ਦੀ ਪ੍ਰਤੀਸ਼ਤ।

Section ਸੈਕਸ਼ਨ	Total No. of Students ਕੁੱਲ ਵਿਦਿਆਰਥੀਆਂ ਦੀ ਗਿਣਤੀ	Percentage of Girls ਲੜਕੀਆਂ ਦੀ ਪ੍ਰਤੀਸ਼ਤ	Percentage of Boys ਮੁੰਡਿਆਂ ਦੀ ਪ੍ਰਤੀਸ਼ਤ
A	840	45	55
B	220	35	65
C	900	23	77
D	360	65	35
E	450	44	56

108. What is the respective ratio of the number of girls in Section C to the number of girls in Section E ?
ਸੈਕਸ਼ਨ C ਵਿੱਚ ਲੜਕੀਆਂ ਦੀ ਸੰਖਿਆ ਅਤੇ ਸੈਕਸ਼ਨ E ਵਿੱਚ ਲੜਕੀਆਂ ਦੀ ਸੰਖਿਆ ਦਾ ਅਨੁਪਾਤ ਕੀ ਹੈ ?
(a) 22 : 23 (b) 35 : 33 (c) 23 : 22 (d) 33 : 35

109. What is the total number of boys in the Section A and Section D together ?
ਸੈਕਸ਼ਨ A ਅਤੇ ਸੈਕਸ਼ਨ D ਵਿੱਚ ਮੁੰਡਿਆਂ ਦੀ ਕੁੱਲ ਗਿਣਤੀ ਕਿੰਨੀ ਹੈ ?
(a) 588 (b) 687 (c) 768 (d) 90

110. World War I was held during which of the following periods ?
ਪਹਿਲਾ ਵਿਸ਼ਵ ਯੁੱਧ ਨਿਮਨਲਿਖਤ ਵਿੱਚੋਂ ਕਿਸ ਸਮੇਂ ਦੌਰਾਨ ਹੋਇਆ ਸੀ ?
(a) 1909-13 (b) 1914-18 (c) 1919-23 (d) 1923-27

111. When was the Constitution of India implemented ?
(a) 26 January 1950 (b) 26 January 1947
(c) 15 August 1947 (d) 15 August 1950
ਭਾਰਤ ਦਾ ਸੰਵਿਧਾਨ ਕਦੋਂ ਲਾਗੂ ਕੀਤਾ ਗਿਆ ਸੀ ?
(a) 26 ਜਨਵਰੀ 1950 (b) 26 ਜਨਵਰੀ 1947
(c) 15 ਅਗਸਤ 1947 (d) 15 ਅਗਸਤ 1950

112. Who designed India's G20 presidency logo ?
(a) Ashok Gupta (b) Sudarsan Patnaik
(c) Anshika Singh (d) Ram V Sutar
ਭਾਰਤ ਦਾ G20 ਪ੍ਰੈਜ਼ੀਡੈਂਸੀ ਲੋਗੋ ਕਿਸਨੇ ਤਿਆਰ ਕੀਤਾ ਸੀ ?
(a) ਅਸ਼ੋਕ ਗੁਪਤਾ (b) ਸੁਦਰਸਨ ਪਟਨਾਇਕ
(c) ਅੰਸ਼ਿਕਾ ਸਿੰਘ (d) ਰਾਮ ਵੀ ਸੁਤਾਰ

Join Telegram - House of Aspirants | houseofaspirants.in

113. Who was winner of Sahitya Akademi Award (2022) in Punjabi for short story 'Main Aynghosh Nahi' ?

(a) Khalid Hussain (b) Gurdev Singh Rupana
(c) Sukhjit Singh (d) Mohan Singh

ਪੰਜਾਬੀ ਵਿੱਚ ਲਘੂ ਕਹਾਣੀ 'ਮੈਂ ਅਯਨਘੋਸ਼ ਨਹੀਂ' ਲਈ ਸਾਹਿਤ ਅਕਾਦਮੀ ਅਵਾਰਡ (2022) ਦਾ ਜੇਤੂ ਕੌਣ ਸੀ ?

(a) ਖਾਲਿਦ ਹੁਸੈਨ (b) ਗੁਰਦੇਵ ਸਿੰਘ ਰੁਪਾਣਾ
(c) ਸੁਖਜੀਤ ਸਿੰਘ (d) ਮੋਹਨ ਸਿੰਘ

114. What is the name of the lander of Chandrayaan 3 ?

(a) Pragyaan (b) Vikram (c) Pratham (d) Dhruv

ਚੰਦਰਯਾਨ 3 ਦੇ ਲੈਂਡਰ ਦਾ ਨਾਮ ਕੀ ਹੈ ?

(a) ਪ੍ਰਗਿਆਨ (b) ਵਿਕਰਮ (c) ਪ੍ਰਥਮ (d) ਧਰੁਵ

115. Which of the following Music Gharana is not from Punjab ?

(a) Patiala Gharana (b) Punjab Gharana
(c) Sham Chaurasi Gharana (d) Maihar Gharana

ਇਹਨਾਂ ਵਿੱਚੋਂ ਕਿਹੜਾ ਸੰਗੀਤ ਘਰਾਣਾ ਪੰਜਾਬ ਦਾ ਨਹੀਂ ਹੈ ?

(a) ਪਟਿਆਲਾ ਘਰਾਣਾ (b) ਪੰਜਾਬ ਘਰਾਣਾ
(c) ਸ਼ਾਮ ਚੌਰਾਸੀ ਘਰਾਣਾ (d) ਮਾਈਹਰ ਘਰਾਣਾ

116. Which Governor-General annexed Punjab under the East India Company rule ?

(a) Lord Hardinge (b) Lord Canning
(c) Lord Dalhousie (d) Lord Minto

ਕਿਹੜੇ ਗਵਰਨਰ-ਜਨਰਲ ਨੇ ਪੰਜਾਬ ਨੂੰ ਈਸਟ ਇੰਡੀਆ ਕੰਪਨੀ ਦੇ ਰਾਜ ਅਧੀਨ ਕੀਤਾ ਸੀ ?

(a) ਲਾਰਡ ਹਾਰਡਿੰਗ (b) ਲਾਰਡ ਕੈਨਿੰਗ
(c) ਲਾਰਡ ਡਲਹੌਜ਼ੀ (d) ਲਾਰਡ ਮਿੰਟੋ

117. Rice is which type of crop ?

(a) Kharif (b) Rabi
(c) Zaid (d) None of the above

ਝੋਨਾ ਕਿਸ ਤਰ੍ਹਾਂ ਦੀ ਫ਼ਸਲ ਹੈ ?

(a) ਸਾਉਣੀ/ਖਰੀਫ (b) ਹਾੜੀ/ਰਬੀ
(c) ਜ਼ੈਦ (d) ਉੱਤੇ ਦਿੱਤਿਆਂ ਵਿੱਚੋਂ ਕੋਈ ਨਹੀਂ

118. What was the name of father of Shaheed Bhagat Singh ?

(a) Kishan Singh (b) Ajit Singh (c) Ranjit Singh (d) Sobha Singh

ਸ਼ਹੀਦ ਭਗਤ ਸਿੰਘ ਦੇ ਪਿਤਾ ਦਾ ਨਾਮ ਕੀ ਸੀ ?

(a) ਕਿਸ਼ਨ ਸਿੰਘ (b) ਅਜੀਤ ਸਿੰਘ (c) ਰਣਜੀਤ ਸਿੰਘ (d) ਸੋਭਾ ਸਿੰਘ

Join Telegram - House of Aspirants | houseofaspirants.in

119. Who was the First Home Minister of India ?
(a) Sardar Patel
(b) Pandit Jawahar Lal Nehru
(c) Lal Bahadur Shastri
(d) Sarvan Singh

ਭਾਰਤ ਦਾ ਪਹਿਲਾ ਗ੍ਰਹਿ ਮੰਤਰੀ ਕੌਣ ਸੀ ?
(a) ਸਰਦਾਰ ਪਟੇਲ
(b) ਪੰਡਿਤ ਜਵਾਹਰ ਲਾਲ ਨਹਿਰੂ
(c) ਲਾਲ ਬਹਾਦੁਰ ਸ਼ਾਸਤਰੀ
(d) ਸਰਵਣ ਸਿੰਘ

120. When was International Yoga day celebrated for the First Time ?
(a) 21st June 2012
(b) 21st June 2015
(c) 21st June 2013
(d) 21st June 2011

ਪਹਿਲੀ ਵਾਰ ਅੰਤਰਰਾਸ਼ਟਰੀ ਯੋਗ ਦਿਵਸ ਕਦੋਂ ਮਨਾਇਆ ਗਿਆ ਸੀ ?
(a) 21 ਜੂਨ 2012
(b) 21 ਜੂਨ 2015
(c) 21 ਜੂਨ 2013
(d) 21 ਜੂਨ 2011

121. When did the 3rd Battle of Panipat happen ?
ਪਾਣੀਪਤ ਦੀ ਤੀਜੀ ਲੜਾਈ ਕਦੋਂ ਹੋਈ ?
(a) 1761 (b) 1767 (c) 1857 (d) 1861

122. Mahatma Gandhi on August 8, _____ gave the call for Quit India Movement.
ਮਹਾਤਮਾ ਗਾਂਧੀ ਨੇ 8 ਅਗਸਤ _____ ਨੂੰ ਭਾਰਤ ਛੱਡੋ ਅੰਦੋਲਨ ਦਾ ਸੱਦਾ ਦਿੱਤਾ ਸੀ।
(a) 1920 (b) 1902 (c) 1930 (d) 1942

123. Gitanjali is the work of _____.
(a) Rabinder Nath Tagore
(b) Munshi Prem Chand
(c) S C Bose
(d) Harvansh Rai Bachchan

ਗੀਤਾਂਜਲੀ _____ ਦੀ ਰਚਨਾ ਹੈ।
(a) ਰਬਿੰਦਰ ਨਾਥ ਟੈਗੋਰ
(b) ਮੁਨਸ਼ੀ ਪ੍ਰੇਮ ਚੰਦ
(c) ਐਸ ਸੀ ਬੋਸ
(d) ਹਰਵੰਸ਼ ਰਾਏ ਬੱਚਨ

124. The novel 'Tootan Wala Khoo' was written by :
(a) Sohan Singh Sital
(b) Kahn Singh Nabha
(c) Puran Singh
(d) Malkit Singh

ਨਾਵਲ 'ਤੂਤਾਂ ਵਾਲਾ ਖੂਹ' _____ ਦੁਆਰਾ ਲਿਖਿਆ ਗਿਆ ਸੀ।
(a) ਸੋਹਣ ਸਿੰਘ ਸੀਤਲ
(b) ਕਾਨ੍ਹ ਸਿੰਘ ਨਾਭਾ
(c) ਪੂਰਨ ਸਿੰਘ
(d) ਮਲਕੀਤ ਸਿੰਘ

125. Which of the following Mughal emperor's original names was Jalaluddin ?
(a) Babur (b) Akbar (c) Jahangir (d) Humayun

ਹੇਠ ਲਿਖਿਆਂ ਵਿੱਚੋਂ ਕਿਹੜੇ ਮੁਗਲ ਬਾਦਸ਼ਾਹ ਦਾ ਅਸਲੀ ਨਾਂ ਜਲਾਲੁਦੀਨ ਸੀ ?
(a) ਬਾਬਰ (b) ਅਕਬਰ (c) ਜਹਾਂਗੀਰ (d) ਹੁਮਾਯੂੰ

Join Telegram - House of Aspirants | houseofaspirants.in

126. Which of the following is not a major seasonal fair ?
(a) Hola-mahalla (b) Baisakhi
(c) Sangrand (d) Teej
ਹੇਠ ਲਿਖਿਆਂ ਵਿੱਚ ਕਿਹੜਾ ਮੁੱਖ ਮੌਸਮੀ ਮੇਲਾ ਨਹੀਂ ਹੈ ?
(a) ਹੋਲਾ-ਮਹੱਲਾ (b) ਵਿਸਾਖੀ
(c) ਸੰਗਰਾਂਦ (d) ਤੀਆਂ

127. The novel 'Pinjar' was written by :
(a) Amrita Pritam (b) Nanak Singh
(c) Sahir Ludhianvi (d) Dalip Kaur Tiwana
'ਪਿੰਜਰ' ਨਾਵਲ _____ ਦੁਆਰਾ ਲਿਖਿਆ ਗਿਆ ਸੀ।
(a) ਅੰਮ੍ਰਿਤਾ ਪ੍ਰੀਤਮ (b) ਨਾਨਕ ਸਿੰਘ
(c) ਸਾਹਿਰ ਲੁਧਿਆਣਵੀ (d) ਦਲੀਪ ਕੌਰ ਟਿਵਾਣਾ

128. Which of the following Music Instruments was not invented by Sikh Gurus ?
(a) Harmonium (b) Taus
(c) Dilruba (d) Saranda
ਹੇਠ ਲਿਖੇ ਸੰਗੀਤ ਸਾਜਾਂ ਵਿੱਚੋਂ ਕਿਸ ਦੀ ਖੋਜ ਸਿੱਖ ਗੁਰੂ ਸਾਹਿਬਾਨ ਦੁਆਰਾ ਨਹੀਂ ਕੀਤੀ ਗਈ ਸੀ ?
(a) ਹਾਰਮੋਨੀਅਮ (b) ਟਾਊਸ
(c) ਦਿਲਰੁਬਾ (d) ਸਾਰੰਦਾ

129. Which of the following singers is not from area comprising Undivided Punjab before Partition ?
(a) Kundan Lal Saigal (b) Noor Jahan
(c) Mubarak Begum (d) Shamshad Begum
ਹੇਠ ਲਿਖਿਆਂ ਵਿੱਚੋਂ ਕਿਹੜਾ ਗਾਇਕ ਵੰਡ ਤੋਂ ਪਹਿਲਾਂ ਅਣਵੰਡੇ ਪੰਜਾਬ ਦੇ ਖੇਤਰ ਤੋਂ ਨਹੀਂ ਹੈ ?
(a) ਕੁੰਦਨ ਲਾਲ ਸਹਿਗਲ (b) ਨੂਰ ਜਹਾਂ
(c) ਮੁਬਾਰਕ ਬੇਗਮ (d) ਸ਼ਮਸ਼ਾਦ ਬੇਗਮ

130. When is Punjabi Culture Day/Punjab Culture Day celebrated ?
(a) 14 February (b) 14 March
(c) 14 November (d) 14 Septembar
ਪੰਜਾਬੀ ਸੱਭਿਆਚਾਰ ਦਿਵਸ/ਪੰਜਾਬ ਸੱਭਿਆਚਾਰ ਦਿਵਸ ਕਦੋਂ ਮਨਾਇਆ ਜਾਂਦਾ ਹੈ ?
(a) 14 ਫਰਵਰੀ (b) 14 ਮਾਰਚ
(c) 14 ਨਵੰਬਰ (d) 14 ਸਤੰਬਰ

131. In which year the Rowlatt Act was passed by the British ?
ਬ੍ਰਿਟਿਸ਼ ਦੁਆਰਾ ਰੋਲੇਟ ਐਕਟ ਕਿਸ ਸਾਲ ਪਾਸ ਕੀਤਾ ਗਿਆ ਸੀ ?
(a) 1912 (b) 1918 (c) 1919 (d) 1920

House of Aspirants | houseofaspirants.in
Join Telegram - House of Aspirants | houseofaspirants.in

132. Which is the smallest river of five major rivers of Punjab ?
(a) Ravi (b) Satluj (c) Beas (d) Chenab
ਪੰਜਾਬ ਦੇ ਪੰਜ ਵੱਡੇ ਦਰਿਆਵਾਂ ਵਿੱਚੋਂ ਸਭ ਤੋਂ ਛੋਟਾ ਦਰਿਆ ਕਿਹੜਾ ਹੈ ?
(a) ਰਾਵੀ (b) ਸਤਲੁਜ (c) ਬਿਆਸ (d) ਚਨਾਬ

133. Who was the First President of Indian National Congress?
(a) A.O. Hume (b) Vijay Laxmi Pandit
(c) Moti Lal Nehru (d) Mahatma Gandhi
ਭਾਰਤੀ ਰਾਸ਼ਟਰੀ ਕਾਂਗਰਸ ਦਾ ਪਹਿਲਾ ਪ੍ਰਧਾਨ ਕੌਣ ਸੀ ?
(a) ਏ.ਓ. ਹਿਊਮ (b) ਵਿਜੇ ਲਕਸ਼ਮੀ ਪੰਡਿਤ
(c) ਮੋਤੀ ਲਾਲ ਨਹਿਰੂ (d) ਮਹਾਤਮਾ ਗਾਂਧੀ

134. What was Name of Guru Angad Dev Ji before Guruship ?
(a) Bhai Jetha Ji (b) Bhai Lehna Ji
(c) Bhai Gurditta Ji (d) Bhai Madho Ji
ਗੁਰਗੱਦੀ 'ਤੇ ਬਿਰਾਜਮਾਨ ਹੋਣ ਤੋਂ ਪਹਿਲਾਂ ਗੁਰੂ ਅੰਗਦ ਦੇਵ ਜੀ ਦਾ ਕੀ ਨਾਮ ਸੀ ?
(a) ਭਾਈ ਜੇਠਾ ਜੀ (b) ਭਾਈ ਲਹਿਣਾ ਜੀ
(c) ਭਾਈ ਗੁਰਦਿੱਤਾ ਜੀ (d) ਭਾਈ ਮਾਧੋ ਜੀ

135. Where is the largest skywalk bridge in India ?
(a) Tamilnadu (b) Punjab (c) Kerala (d) Haryana
ਭਾਰਤ ਵਿੱਚ ਸਭ ਤੋਂ ਵੱਡਾ ਸਕਾਈਵਾਕ ਪੁਲ ਕਿੱਥੇ ਹੈ ?
(a) ਤਾਮਿਲਨਾਡੂ (b) ਪੰਜਾਬ (c) ਕੇਰਲ (d) ਹਰਿਆਣਾ

136. Maharaja Ranjit Singh died in the year _____.
ਮਹਾਰਾਜਾ ਰਣਜੀਤ ਸਿੰਘ ਦੀ ਮੌਤ _____ ਸਾਲ ਵਿਚ ਹੋਈ।
(a) 1839 (b) 1837 (c) 1829 (d) 1838

137. When was the construction of previous New Delhi Parliament House Building completed ?
ਨਵੀਂ ਦਿੱਲੀ ਪਾਰਲੀਮੈਂਟ ਹਾਊਸ ਦੀ ਪਹਿਲੀ ਬਿਲਡਿੰਗ ਦਾ ਨਿਰਮਾਣ ਕਦੋਂ ਪੂਰਾ ਹੋਇਆ ਸੀ ?
(a) 1912 (b) 1927 (c) 1950 (d) 1857

138. Which country hosted the first G-20 Summit ?
(a) Canada (b) China (c) USA (d) France
ਪਹਿਲੇ ਜੀ-20 ਸੰਮੇਲਨ ਦੀ ਮੇਜ਼ਬਾਨੀ ਕਿਸ ਦੇਸ਼ ਨੇ ਕੀਤੀ ਸੀ ?
(a) ਕੈਨੇਡਾ (b) ਚੀਨ (c) ਅਮਰੀਕਾ (d) ਫਰਾਂਸ

139. What is the old name of Punjab ?
(a) Panj-aab (b) Saptha Sindhu (c) Sindhu (d) None of the above
ਪੰਜਾਬ ਦਾ ਪੁਰਾਣਾ ਨਾਮ ਕੀ ਹੈ ?
(a) ਪੰਜ-ਆਬ (b) ਸਪਤ ਸਿੰਧੂ (c) ਸਿੰਧੂ (d) ਉਪਰੋਕਤ ਵਿੱਚੋਂ ਕੋਈ ਨਹੀਂ

Join Telegram - House of Aspirants | houseofaspirants.in

140. In India recently, for the first time , a 'Twin Tower' taller than 100 meters was demolished in which city ?

(a) Noida (b) Delhi (c) Mumbai (d) Gurugram

ਭਾਰਤ ਵਿੱਚ ਹਾਲ ਹੀ ਵਿੱਚ, ਪਹਿਲੀ ਵਾਰ, ਕਿਸ ਸ਼ਹਿਰ ਵਿੱਚ 100 ਮੀਟਰ ਤੋਂ ਉੱਚਾ 'ਟਵਿਨ ਟਾਵਰ' ਢਾਹਿਆ ਗਿਆ ਸੀ ?

(a) ਨੋਇਡਾ (b) ਦਿੱਲੀ (c) ਮੁੰਬਈ (d) ਗੁਰੂਗ੍ਰਾਮ

141. Which Indian Freedom Fighter said "Swarajya Mera Janam Sidh Adhikar Hai, Main Issay Lekar Rahoonga " ?

(a) Lala Lajpat Rai (b) Bal Gangadhar Tilak

(c) Chandra Shekhar Azad (d) Raja Ram Mohan Roy

ਕਿਸ ਭਾਰਤੀ ਸੁਤੰਤਰਤਾ ਸੈਨਾਨੀ ਨੇ ਕਿਹਾ ਸੀ "ਸਵਰਾਜਯਾ ਮੇਰਾ ਜਨਮ ਸਿੱਧ ਅਧਿਕਾਰ ਹੈ, ਮੈਂ ਇਸੇ ਲੇਕਰ ਰਹੂੰਗਾ" ?

(a) ਲਾਲਾ ਲਾਜਪਤ ਰਾਏ (b) ਬਾਲ ਗੰਗਾਧਰ ਤਿਲਕ

(c) ਚੰਦਰ ਸ਼ੇਖਰ ਆਜ਼ਾਦ (d) ਰਾਜਾ ਰਾਮ ਮੋਹਨ ਰਾਏ

142. During the First World War, _____ country joined the Central Powers against Britain.

(a) America (b) France (c) Turkey (d) Greece

ਪਹਿਲੇ ਵਿਸ਼ਵ ਯੁੱਧ ਦੌਰਾਨ, _____ ਦੇਸ਼ ਬ੍ਰਿਟੇਨ ਦੇ ਵਿਰੁੱਧ ਕੇਂਦਰੀ ਸ਼ਕਤੀਆਂ ਨਾਲ ਸ਼ਾਮਲ ਹੋ ਗਿਆ ਸੀ।

(a) ਅਮਰੀਕਾ (b) ਫਰਾਂਸ (c) ਤੁਰਕੀ (d) ਗ੍ਰੀਸ

143. Who won an individual Olympic gold after Abhinav Bindra in India ?

(a) P.V. Sindhu (b) Neeraj Chopra

(c) Bajrang Punia (d) P.T. Usha

ਭਾਰਤ ਵਿੱਚ ਅਭਿਨਵ ਬਿੰਦਰਾ ਤੋਂ ਬਾਅਦ ਕਿਸ ਨੇ ਵਿਅਕਤੀਗਤ ਓਲੰਪਿਕ ਸੋਨ ਤਮਗਾ ਜਿੱਤਿਆ ਸੀ?

(a) ਪੀ.ਵੀ.ਸਿੰਧੂ (b) ਨੀਰਜ ਚੋਪੜਾ

(c) ਬਜਰੰਗ ਪੁਨੀਆ (d) ਪੀ.ਟੀ. ਊਸ਼ਾ

144. Who won the men's US Open 2023 ?

(a) Novak Djokovic (b) Daniil Medvedev

(c) Coco Gauff (d) Bagnis

ਪੁਰਸ਼ਾਂ ਦਾ US ਓਪਨ 2023 ਕਿਸਨੇ ਜਿੱਤਿਆ ?

(a) ਨੋਵਾਕ ਜੋਕੋਵਿਚ (b) ਡੈਨੀਲ ਮੇਦਵੇਦੇਵ

(c) ਕੋਕੋ ਗੌਫ (d) ਬਾਗਨੀਸ

145. Which of Bhagats, other than Sikh Gurus, has maximum hymns in Sri Guru Granth Sahib.

(a) Bhagat Kabir (b) Bhagat Ravidas

(c) Bhagat Naamdev (d) Baba Farid

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸਿੱਖ ਗੁਰੂਆਂ ਤੋਂ ਇਲਾਵਾ ਹੋਰ ਕਿਹੜੇ ਭਗਤ ਦੀ ਬਾਣੀ ਸਭ ਤੋਂ ਵੱਧ ਹੈ ?

(a) ਭਗਤ ਕਬੀਰ (b) ਭਗਤ ਰਵਿਦਾਸ

(c) ਭਗਤ ਨਾਮਦੇਵ (d) ਬਾਬਾ ਫਰੀਦ

Join Telegram - House of Aspirants | houseofaspirants.in

146. What is the national song of India ?

(a) Vande Mataram
(b) Jana Gana Mana
(c) Mera Rang De Basanti Chola
(d) None of the above

ਭਾਰਤ ਦਾ ਰਾਸ਼ਟਰੀ ਗੀਤ ਕਿਹੜਾ ਹੈ ?

(a) ਵੰਦੇ ਮਾਤਰਮ
(b) ਜਨ ਗਨ ਮਨ
(c) ਮੇਰਾ ਰੰਗ ਦੇ ਬਸੰਤੀ ਚੋਲਾ
(d) ਉੱਪਰ ਦਿੱਤਿਆਂ ਵਿੱਚੋਂ ਕੋਈ ਵੀ ਨਹੀਂ

147. Which of the following is not one of five rivers in Undivided Punjab before Partition ?

(a) Satluj (b) Ravi (c) Chenab (d) Markanda

ਵੰਡ ਤੋਂ ਪਹਿਲਾਂ ਅਣਵੰਡੇ ਪੰਜਾਬ ਵਿੱਚ ਹੇਠ ਲਿਖੇ ਪੰਜ ਦਰਿਆਵਾਂ ਵਿੱਚੋਂ ਕਿਹੜਾ ਇੱਕ ਦਰਿਆ ਨਹੀਂ ਸੀ ?

(a) ਸਤਲੁਜ (b) ਰਾਵੀ (c) ਚਨਾਬ (d) ਮਾਰਕੰਡਾ

148. Who among the following laid the foundation of the city of Amritsar ?

(a) Guru Ramdas ji
(b) Guru Amardas ji
(c) Guru Nanak Dev ji
(d) Guru Arjan Dev ji

ਹੇਠ ਲਿਖੇ ਵਿੱਚੋਂ ਕਿਸ ਗੁਰੂ ਸਾਹਿਬਾਨ ਨੇ ਅੰਮ੍ਰਿਤਸਰ ਸ਼ਹਿਰ ਦੀ ਨੀਂਹ ਰੱਖੀ ?

(a) ਗੁਰੂ ਰਾਮਦਾਸ ਜੀ
(b) ਗੁਰੂ ਅਮਰਦਾਸ ਜੀ
(c) ਗੁਰੂ ਨਾਨਕ ਦੇਵ ਜੀ
(d) ਗੁਰੂ ਅਰਜਨ ਦੇਵ ਜੀ

149. Which city is known as White City of Punjab ?

(a) Amritsar
(b) Patiala
(c) Anandpur Sahib
(d) SAS Nagar

ਪੰਜਾਬ ਦੇ ਕਿਹੜੇ ਸ਼ਹਿਰ ਨੂੰ ਵਾਈਟ ਸਿਟੀ ਵਜੋਂ ਜਾਣਿਆ ਜਾਂਦਾ ਹੈ ?

(a) ਅੰਮ੍ਰਿਤਸਰ
(b) ਪਟਿਆਲਾ
(c) ਅਨੰਦਪੁਰ ਸਾਹਿਬ
(d) ਐਸਏਐਸ ਨਗਰ

150. What is the Capital of Gujarat ?

(a) Ahmedabad
(b) Gandhinagar
(c) Surat
(d) Dwarka

ਗੁਜਰਾਤ ਦੀ ਰਾਜਧਾਨੀ ਕਿਹੜੀ ਹੈ ?

(a) ਅਹਿਮਦਾਬਾਦ
(b) ਗਾਂਧੀਨਗਰ
(c) ਸੂਰਤ
(d) ਦਵਾਰਕਾ

-o0o-

Join Telegram - House of Aspirants | houseofaspirants.in